ਉੱਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ ਵੱਲੋਂ ਆਪ ਜਾ ਕੇ ਵੰਡਿਆ ਜਾ ਰਿਹਾ ਹੈ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਅਤੇ ਪ੍ਰਸ਼ਾਦਾ

ਬਾਘਾ ਪੁਰਾਣਾ / 16 ਅਪ੍ਰੈਲ 2020/ ਭਵਨਦੀਪ ਸਿੰਘ ਪੁਰਬਾ

ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਦੀਨ ਦੁਖੀਆਂ ਤੇ ਲੋੜਵੰਦਾ ਦਾ ਸਹਾਰਾ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਉਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਸਾਡਾ ਦੇਸ਼ ਜਿਥੇਂ ਕਰੋਨਾ ਵਰਗੀ ਭਿਆਨਕ ਬਿਮਾਰੀ ਕਾਰਨ ਸੰਕਟ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ ਉੱਥੇ ਗਰੀਬ ਤਬਕਾ ਸਰਕਾਰ ਦਾ ਹੁਕਮ ਮੰਨਦੇ ਹੋਏ ਆਪਣੇ ਘਰਾਂ ਅੰਦਰ ਹੈ ਅਤੇ ਰੋਜ਼ੀ ਰੋਟੀ ਤੋ ਆਰੀ ਹੋਇਆ ਪਿਆ ਹੈ।

ਜਿਕਰ ਯੋਗ ਹੈ ਕਿ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਵੱਲੋਂ ਇਸ ਔਖੀ ਘੜੀ ਵਿੱਚ ਕਈਆਂ ਪਿੰਡਾਂ ਵਿੱਚ ਰਾਸ਼ਨ ਦੀਆਂ ਕਿੱਟਾਂ ਗੁਰਦੁਆਰਾ ਸਾਹਿਬ ਵੱਲੋਂ ਤਿਆਰ ਕਰ ਕੇ ਕਈ ਪਿੰਡਾ ਵਿੱਚ ਲੋੜਵੰਦ ਪ੍ਰੀਵਾਰਾ ਤੱਕ ਪਹੁੰਚਾਈਆਂ ਗਈਆਂ ਹਨ ਉੱਥੇ ਗੁਰੂ ਕੇ ਲੰਗਰ ਤਿਆਰ ਕਰਕੇ ਗ਼ਰੀਬ ਬਸਤੀਆਂ ਵਿੱਚ ਬਾਬਾ ਗੁਰਦੀਪ ਸਿੰਘ ਜੀ ਖ਼ੁਦ ਜਾ ਕੇ ਵੰਡਦੇ ਆ ਰਹੇ ਹਨ।

ਇਹ ਸਮਾਜ ਸੇਵਾ ਕਈ ਦਿਨਾਂ ਤੋ ਨਿਰੰਤਰ ਚੱਲ ਰਹੀ ਹੈ। ਬਾਬਾ ਜੀ ਨੇ ਕਿਹਾ ਕਿ ਸੰਕਟ ਵਿੱਚ ਫਸੇ ਮਨੁੱਖ ਦੀ ਹਰੇਕ ਜੀਵ ਨੂੰ ਮਦਦ ਕਰਨੀ ਚਾਹੀਦੀ ਹੈ ਅਤੇ ਉਸ ਦਾ ਸਹਾਰਾ ਬਣਨਾ ਚਾਹੀਦਾ ਹੈ। ਇਸ ਸਥਾਨ ਵੱਲੋ ਪਹਿਲਾਂ ਦੀ ਤਰ੍ਹਾਂ ਇਹ ਸੇਵਾਵਾਂ ਜਾਰੀ ਹਨ ਅਤੇ ਜਾਰੀ ਰਹਿਣਗੀਆਂ। ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਚਲਾਈਆਂ ਸਮਾਜ ਸੇਵਾ ਦੇ ਮਿਸ਼ਨ ਦੀਆਂ ਸਾਰੀਆਂ ਸੇਵਾਵਾਂ ਇਸੇ ਤਰ੍ਹਾਂ ਨੂੰ ਨਿਰੰਤਰ ਚਾਲੂ ਰੱਖਿਆ ਜਾਵੇਗਾ।

ਜ਼ਿਲਾ ਮੋਗਾ ਵਿੱਚ ਹੁਣ ਕੋਈ ਵੀ ਕਰੋਨਾ ਦਾ ਪਾਜੀਟਿਵ ਕੇਸ ਨਹੀ

ਜ਼ਿਲੇ ਦੇ ਚਾਰੋ ਕਰੋਨਾ ਪਾਜੀਟਿਵ ਮਰੀਜ਼ਾਂ ਦੀ ਰਿਪੋਰਟ ਆਈ ਨੈਗੇਟਿਵ -ਡਿਪਟੀ ਕਮਿਸ਼ਨਰ

ਮੋਗਾ / 22 ਅਪ੍ਰੈਲ 2020/ ਭਵਨਦੀਪ ਸਿੰਘ ਪੁਰਬਾ, ਇਕਬਾਲ ਸਿੰਘ ਖੋਸਾ

7 ਅਪ੍ਰੈਲ ਨੂੰ ਬਾਘਾਪੁਰਾਣਾ ਦੇ ਪਿੰਡ ਚੀਦਾ ਵਿਖੇ ਆਏ ਚਾਰੋ ਕਰੋਨਾ ਪਾਜੀਟਿਵ ਕੇਸਾਂ ਦੀ ਰਿਪੋਰਟ ਅੱਜ ਨੈਗੇਟਿਵ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਦੱਸਿਆ ਕਿ ਜ਼ਿਲਾ ਮੋਗਾ ਵਿੱਚ ਹੁਣ ਕੋਈ ਵੀ ਕਰੋਨਾ ਦਾ ਪਾਜੀਟਿਵ ਕੇਸ ਨਹੀ ਹੈ। ਉਨਾਂ ਕਿਹਾ ਕਿ ਅੱਜ ਕਰਵਾਏ ਗਏ ਟੈਸਟਾਂ ਵਿੱਚ ਪਤਾ ਲੱਗਾ ਹੈ ਕਿ ਇਹ ਚਾਰੋ ਹੀ ਮਰੀਜ਼ ਤੰਦਰੁਸਤ ਹਨ ਅਤੇ ਹੁਣ ਇਸ ਬਿਮਾਰੀ ਤੋ ਮੁਕਤ ਹੋ ਚੁੱਕੇ ਹਨ।

ਉਨਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਰੋਨਾ ਖਿਲਾਫ਼ ਚਲਾਈ ਜਾ ਰਹੀ ਇਸ ਜੰਗ ਵਿੱਚ ਪ੍ਰਸ਼ਾਸਨ ਦਾ ਸਾਥ ਲਗਾਤਾਰ ਦੇਣ ਤਾਂ ਜੋ ਇਸ ਬਿਮਾਰੀ ਨੂੰ ਹਰਾ ਕੇ ਸਾਰੇ ਮੋਗਾ ਵਾਸੀ ਸੁਰੱਖਿਅਤ ਰਹਿ ਸਕਣ। ਉਨਾਂ ਸਿਹਤ ਵਿਭਾਗ ਦੇ ਖਾਸ ਸ਼ਲਾਘਾ ਕਰਦਿਆਂ ਕਿਹਾ ਕਿ ਇਨਾਂ ਦੇ ਕ੍ਰਮਚਾਰੀਆਂ ਵਲੋ ਦਿਨ ਰਾਤ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਗਿਆ ਹੈ। ਉਨਾਂ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਘਰ ਰਹਿਣ ਅਤੇ ਸੁਰੱਖਿਅਤ ਰਹਿਣ ਤਾਂ ਜੋ ਇਸ ਬਿਮਾਰੀ ਦੇ ਸੰਕਰਮਣ ਦੇ ਚਕਰ ਨੂੰ ਖਤਮ ਕੀਤਾ ਜਾ ਸਕੇ।

ਢਾਢੀ ਮਨਪ੍ਰੀਤ ਸਿੰਘ ਸਹੌਰ ਦੇ ਅਕਾਲ ਚਲਾਣੇ ਨਾਲ ਢਾਢੀ ਜਗਤ ਵਿੱਚ ਸੋਗ ਦੀ ਲਹਿਰ

ਮੋਗਾ/ 21 ਅਪ੍ਰੈਲ 2020/ ਮਵਦੀਲਾ ਬਿਓਰੋ

ਅੰਤਰਰਾਸ਼ਟਰੀ ਢਾਢੀ ਸਵ: ਗੁਰਬਖਸ਼ ਸਿੰਘ ਅਲਬੇਲਾ ਜੀ ਅਤੇ ਪ੍ਰਸਿੱਧ ਢਾਢੀ ਜਸਵੰਤ ਸਿੰਘ ਦੀਵਾਨਾ ਦੇ ਸਾਥੀ ਢਾਢੀ ਗੁਰਦੀਪ ਸਿੰਘ ਸਹੌਰ ਦੇ ਭਰਾ ਅਤੇ ਪ੍ਰਸਿੱਧ ਸਾਰੰਗੀ ਵਾਦਕ ਸੁਰਿੰਦਰ ਸਿੰਘ ਸਹੌਰ ਦੇ ਬੇਟੇ ਸਾਰੰਗੀ ਵਾਦਕ ਮਨਪ੍ਰੀਤ ਸਿੰਘ ਸਹੌਰ ਦਾ ਛੋਟੀ ਉਮਰੇ ਸੰਸਾਰ ਤੋਂ ਚਲੇ ਜਾਣਾ ਢਾਢੀ ਜਗਤ ਲਈ ਕਦੇ ਵੀ ਨਾ ਭਰਿਆ ਜਾਣ ਵਾਲਾ ਜ਼ਖ਼ਮ ਹੈ ਅਤੇ ਇੱਸ ਦਰਦਨਾਕ ਵਿਛੋੜੇ ਨੂੰ ਵਾਹਿਗੁਰੂ ਦਾ ਭਾਣਾ ਕਹਿਣ ਲੱਗਿਆਂ ਵੀ ਜ਼ੁਬਾਨ ਕੰਬਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਮੁਖੀ ਅੰਤਰਰਾਸ਼ਟਰੀ ਢਾਢੀ ਗਿ: ਸਾਧੂ ਸਿੰਘ ਧੰਮੂ ਧੂੜਕੋਟ ਵਾਲਿਆਂ ਕੀਤਾ।

ਮਨਪ੍ਰੀਤ ਸਿੰਘ ਬੜੇ ਹੌਸਲੇ ਵਾਲਾ ਨੌਜਵਾਨ ਸੀ ਜਿਸਨੇ ਆਪਣੀ ਭੈਣ ਢਾਢੀ ਰਮਨਦੀਪ ਕੌਰ ਦੇ ਲੰਬੇ ਸਮੇਂ ਤੋਂ ਚੱਲ ਰਹੇ ਮਹਿੰਗੇ ਤੋਂ ਮਹਿੰਗੇ ਇਲਾਜ ਵਿਚ ਕਦੇ ਹਾਰ ਨਹੀਂ ਮੰਨੀ ਸੀ ਐਪਰ ਬਲਵਾਨ ਮੌਤ ਦੇ ਅੱਗੇ ਹਾਰ ਮੰਨਦਿਆਂ ਹੋਇਆਂ ਆਪਣੀ ਥੋੜ੍ਹਾ ਸਮਾਂ ਪਹਿਲਾਂ ਵਿਆਹ ਕੇ ਲਿਆਂਦੀ ਜੀਵਨ ਸਾਥਣ ਗਗਨਦੀਪ ਕੌਰ ਤੇ ਸਾਰੇ ਪ੍ਰੀਵਾਰ ਨੂੰ ਰੋਂਦਿਆਂ ਕਰਲਾਉਦਿਆਂ ਛੱਡਕੇ ਐਨੀ ਦੂਰ ਚਲਾ ਗਿਆ ਜਿੱਥੋਂ ਕਦੇ ਏਸ ਜੀਵਨ ਵਿੱਚ ਵਾਪਸ ਨਹੀਂ ਆਵੇਗਾ।

ਜਿਕਰ ਯੋਗ ਹੈ ਕਿ ਮਨਪ੍ਰੀਤ ਸਿੰਘ ਦਾ ਪਿਛਲੇ ਲੰਬੇ ਸਮੇਂ ਤੋਂ ਖਾਣੇ ਵਾਲੀ ਨਾੜੀ ਦੀ ਪ੍ਰੋਬਲਮ ਕਰਕੇ ਇਲਾਜ ਚੱਲ ਰਿਹਾ ਸੀ ਅਤੇ ਅਚਾਨਕ ਹੀ ਕੁੱਝ ਦਿਨ ਪਹਿਲਾਂ ਗੁਰਦਿਆਂ ਦੀ ਪ੍ਰੋਬਲਮ ਹੋ ਗਈ ਜਿਸ ਦਾ ਇਲਾਜ ਚੱਲਦਿਆਂ ਹੀ 20 ਅਪ੍ਰੈਲ ਨੂੰ ਉਹਨਾਂ ਦੀ ਮੌਤ ਹੋ ਗਈ ਇਹ ਖ਼ਬਰ ਸੁਣਦਿਆਂ ਹੀ ਢਾਢੀ ਜਗਤ ਵਿੱਚ ਛਨਾਟਾ ਛਾ ਗਿਆ।

ਮਨਪ੍ਰੀਤ ਸਿੰਘ ਨੂੰ ਯਾਦ ਕਰਦਿਆਂ ਮਹਿਕ ਵਤਨ ਦੀ ਫਾਊਂਡੇਸ਼ਨ ਦੇ ਚੇਅਰਮੈਨ ਭਵਨਦੀਪ ਸਿੰਘ ਪੁਰਬਾ, ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਪ੍ਰਧਾਨ ਕਵੀਸ਼ਰ ਜਗਜੀਵਨ ਸਿੰਘ ਰੋਡੇ, ਜਰਨਲ ਸਕੱਤਰ ਸੁਖਮੰਦਰ ਸਿੰਘ ਹਮਦਰਦ ਸਾਹੋਕੇ, ਮਾਲਵਾ ਕਵੀਸ਼ਰ ਢਾਡੀ ਸਾਹਿਤ ਸਭਾ ਦੇ ਕਾਰਜਕਾਰੀ ਪ੍ਰਧਾਨ ਢਾਢੀ ਜਸਵਿੰਦਰ ਸਿੰਘ ਬਾਗੀ, ਜਰਨਲ ਸਕੱਤਰ ਮਿਲਖਾ ਸਿੰਘ ਮੁਸਾਫ਼ਿਰ, ਢਾਡੀ ਪਾਲ ਸਿੰਘ ਡਗਰੂ, ਢਾਡੀ ਕੁਲਵਿੰਦਰ ਸਿੰਘ ਰਣੀਆਂ, ਢਾਢੀ ਮਹਿੰਦਰ ਸਿੰਘ ਮਿਹਨਤੀ ਸਮਾਲਸਰ, ਕਵੀਸ਼ਰ ਮੱਖਣ ਸਿੰਘ, ਸੁਲੱਖਣ ਸਿੰਘ, ਹਰਜੀਤ ਸਿੰਘ ਮਾਣੂੰਕੇ, ਕਿਸਮਤ ਸਿੰਘ ਬੀਹਲਾ, ਅੰਤਰਰਾਸ਼ਟਰੀ ਢਾਢੀ ਸਰਪੰਚ ਨਾਥ ਸਿੰਘ ਹਮੀਦੀ, ਜਸਵੰਤ ਸਿੰਘ ਦੀਵਾਨਾ, ਗੁਰਮੇਲ ਸਿੰਘ ਦੀਵਾਨਾ, ਦੇਸਰਾਜ ਸਿੰਘ ਦੀਵਾਨਾ, ਗੁਲਾਬ ਸਿੰਘ ਗੁਰਮੁੱਖ, ਜਸਵਿੰਦਰ ਸਿੰਘ ਮਾਨਸਾ, ਬਲਵਿੰਦਰ ਸਿੰਘ ਭਗਤਾ, ਬਲਜਿੰਦਰ ਸਿੰਘ ਬਗੀਚਾ ਤੋਂ ਇਲਾਵਾ ਵੱਡੀ ਗਿਣਤੀ ਦੇਸ਼ ਵਿਦੇਸ਼ ਦੇ ਢਾਢੀ ਕਵੀਸ਼ਰਾਂ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪਟਿਆਲਾ ਘਟਨਾ ਵਿੱਚ ਇੱਕ ਧਿਰ ਨੂੰ ਸਾਰਾ ਦੋਸ਼ ਦੇਣਾ ਸਰਾਸਰ ਗਲਤ ਹੈ -ਬਾਬਾ ਰੇਸ਼ਮ ਸਿੰਘ ਖੁਖਰਾਣਾ

ਖੁਖਰਾਣਾ (ਮੋਗਾ) / 14 ਅਪ੍ਰੈਲ 2020/ ਭਵਨਦੀਪ ਸਿੰਘ ਪੁਰਬਾ

ਹੁਣ ਕਰੋਨਾ ਦੀ ਥਾਂ ਪਟਿਆਲਾ ਘਟਨਾ ਨੇ ਲੈ ਲਈ ਜਿਸ ਵਿੱਚ ਨਿਹੰਗ ਸਿੰਘਾਂ ਤੇ ਪੁਲੀਸ ਦੀ ਝੜਪ ਹੋਈ ਹੈ। ਚਾਰੇ ਪਾਸੇ ਟੀ ਵੀ ਚੈਨਲ, ਅਖਬਾਰ, ਸ਼ੋਸ਼ਲ ਮੀਡੀਆ, ਫੇਸਬੁਕ, ਯੂ-ਟਿਊਬ, ਵਟਸਐਪ ਵਗੈਰਾ ਤੇ ਇਸ ਘਟਨਾ ਦੀ ਹੀ ਚਰਚਾ ਹੋ ਰਹੀ ਹੈ। ਬਾਕੀ ਖ਼ਬਰਾਂ ਸਭ ਗ਼ਾਇਬ ਹੋ ਗਈਆਂ ਹਨ। ਇਹ ਜੋ ਵੀ ਹੋਇਆ ਬਹੁਤ ਹੀ ਦੁੱਖਦਾਈ ਹੈ। ਇਹ ਨਹੀਂ ਹੋਣਾ ਚਾਹੀਦੇ ਸੀ। ਜਦੋਂ ਕਰਫਿਓ ਲੱਗਾ ਹੋਇਆ ਹੈ ਸਾਨੂੰ ਸਭ ਨੂੰ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਕਿਉਂਕਿ ਬਿਮਾਰੀ ਨੂੰ ਰੋਕਣ ਦਾ ਇਹੀ ਇਕੋ ਇਕ ਤਰੀਕਾ ਹੈ। ਮੈਂ ਕੁਝ ਪਿਛਲੇ ਦਿਨਾਂ ਤੋਂ ਰੋਜ਼ਾਨਾ ਲਿਖ ਰਿਹਾ ਹਾਂ ਕਿ ਟਿਕ ਕੇ ਘਰ ਬੈਠੋ ਇਸ ਚ ਆਪਣਾ ਸਾਰਿਆ ਦਾ ਭਲਾ ਹੈ। ਇਨ੍ਹਾ ਸਬਦਾ ਦਾ ਪ੍ਰਗਟਾਵਾ ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਪਿੰਡ ਖੁਖਰਾਣਾ ਦੇ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਗੱਲ-ਬਾਤ ਕਰਦਿਆ ਕੀਤਾ।

ਉਨ੍ਹਾ ਕਿਹਾ ਕਿ ਪਰ ਜਿਸ ਢੰਗ ਤਰੀਕੇ ਨਾਲ ਇਕ ਤਰਫਾ ਭੰਡੀ ਪ੍ਰਚਾਰ ਸ਼ੁਰੂ ਕੀਤਾ ਗਿਆ ਹੈ। ਮੈਂ ਇਸ ਤੋ ਵੀ ਦੁਖੀ ਹਾਂ। ਇੱਕ ਧਿਰ ਨੂੰ ਸਾਰਾ ਦੋਸ਼ ਦੇਣਾ ਸਰਾਸਰ ਗਲਤ ਹੈ ਕਿਓਂਕਿ ਜਦੋਂ ਉਹ ਮੰਡੀ 'ਚ ਆ ਹੀ ਗਏ ਸਨ। ਉਹ ਜਾਂਦੇ ਸੀ ਜਾਣ ਦੇਣਾ ਚਾਹੀਦਾ ਸੀ। ਜਿਹੜੀ ਗੱਲ ਕਰਫਿਓ ਪਾਸ ਦੀ ਕੀਤੀ ਜਾ ਰਹੀ ਹੈ। ਇਹ ਵੀ ਸਾਡੇ ਸਿਸਟਮ 'ਚ ਬਹੁਤ ਖ਼ਾਮੀਆਂ ਨੇ। ਰੋਜ਼ ਰੌਲਾ ਪੈ ਰਿਹਾ ਹੈ ਕਿ ਸਰਪੰਚ ਐਮ.ਸੀ. ਆਪੋ ਆਪਣੇ ਧੜਿਆਂ ਨੂੰ ਪਾਸ ਬਣਾ ਕੇ ਦੇ ਰਹੇ ਹਨ। ਰਾਸ਼ਨ ਵੀ ਆਪਣੀਆਂ ਵੋਟਾਂ ਦੇ ਹਿਸਾਬ ਨਾਲ ਵੰਡਿਆ ਜਾ ਰਿਹਾ ਹੈ। ਕਿਸੇ ਨੂੰ ਗਾਲ੍ਹੀ ਗਲੋਚ ਕਰਨਾ ਗੱਡੀਆਂ ਭੰਨਣੀਆਂ ਇਹ ਤਾਂ ਕੋਈ ਕਨੂੰਨ ਇਜਾਜਤ ਨਹੀਂ ਦਿੰਦਾ। ਮੈਂ ਸਾਰੇ ਪੁਲੀਸ ਮੁਲਾਜਮਾ ਨੂੰ ਗਲਤ ਨਹੀਂ ਕਹਿੰਦਾ। ਪਰ ਬਹੁਤ ਗਿਣਤੀ ਦੀ ਮਾਨਸ ਹਾਲਤ ਅੰਗਰੇਜਾਂ ਦੇ ਸਮੇਂ ਵਾਲੀ ਹੈ। ਜਿਸ ਦੇ ਵਿੱਚ ਤਬਦੀਲੀ ਦੀ ਅੱਤਿਅੰਤ ਲੋੜ ਹੈ।ਬਾਬਾ ਜੀ ਨੇ ਕਿਹਾ ਕਿ ਟਰੇਨਿੰਗ ਦੇ ਤਰੀਕੇ ਬਦਲਣ ਦੀ ਬਹੁਤ ਜ਼ਰੂਰਤ ਹੈ। ਉਹ ਜੋ ਪਟਿਆਲੇ ਹੋਇਆ। ਗਤਲ ਐਕਸ਼ਨ ਦਾ ਗਲਤ ਰੀਐਕਸ਼ਨ ਹੋਇਆ। ਪੁਲੀਸ ਨੇ ਗ਼ੁੱਸੇ 'ਚ ਆ ਕੇ ਗਾਲ੍ਹੀ ਗਲੋਚ ਕੀਤਾ ਗੱਡੀ ਤੇ ਹਮਲਾ ਕੀਤਾ। ਅੱਗੋਂ ਨਿਹੰਗ ਸਿੰਘਾਂ ਨੇ ਵੀ ਗ਼ੁੱਸੇ ਚ ਆ ਕੇ ਜੁਆਬੀ ਹਮਲਾ ਕਰ ਦਿੱਤਾ।

ਕਨੂੰਨ ਦਾ ਪਾਲਣ ਦੋਹਾਂ ਧਿਰਾਂ ਨੇ ਨਹੀ ਕੀਤਾ। ਪੁਲੀਸ ਪਹਿਲਾਂ ਵੀ ਵਧੀਕੀਆਂ ਕਾਰਨ ਬਦਨਾਮ ਹੈ।ਉਨ੍ਹਾ ਕਿਹਾ ਮੰਨ ਲਵੋ ਇਥੇ ਤਾਂ ਪੁਲੀਸ ਤੇ ਹਮਲਾ ਹੋ ਗਿਆ। ਪਰ ਅਨੇਕਾਂ ਜਗ੍ਹਾ ਤੇ ਪੁਲੀਸ ਵੱਲੋ ਧੱਕੇਸ਼ਾਹੀਆਂ ਹੋਈਆਂ। ਉਨ੍ਹਾਂ ਬਾਰੇ ਮੀਡਿਆ ਖਮੋਸ਼ ਕਿਓਂ ਰਿਹਾ। ਉਦੋ ਕਿਓਂ ਨੀ ਹੋ ਹੱਲਾ ਮਚਾਇਆ। ਮੈਂ ਕਿਸੇ ਧਿਰ ਦਾ ਪੱਖਪਾਤ ਨਹੀਂ ਕਰ ਰਿਹਾ। ਜੋ ਸੱਚ ਹੈ ਮੇਰੇ ਸਮਝ ਆਇਆ ਮੈਂ ਬਿਆਨ ਕਰ ਦਿੱਤਾ। ਹੋ ਸਕਦੈ ਮੈਂ ਗਲਤ ਵੀ ਹੋਵਾਂ।

ਜਿਸ ਮੁਲਾਜ਼ਮ ਦਾ ਗੁੱਟ ਵੱਢਿਆ ਗਿਆ ਇਨਸਾਨੀਅਤ ਨਾਤੇ ਮੈਨੂੰ ਉਸ ਦਾ ਵੀ ਦੁੱਖ ਹੈ। ਪ੍ਰਮਾਤਮਾ ਉਸ ਨੂੰ ਜਲਦੀ ਠੀਕ ਕਰੇ। ਉਸ ਦੇ ਮਨ ਚ ਵੀ ਇਨਸਾਨੀਅਤ ਪੈਦਾ ਹੋਵੇ। ਆਪਣੇ ਫਰਜ ਨੂੰ ਸਹੀ ਢੰਗ ਨਾਲ ਨਿਭਾ ਸਕੇ।ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਪ੍ਰਸ਼ਾਸਨ ਦੇ ਨਿਯਮਾਂ ਅਨੁਸਾਰ ਚੱਲਣ ਜਿਸ ਕਰਕੇ ਅਸੀਂ ਕਰੋਨਾ ਵਰਗੀ ਭਿਆਨਕ ਬਿਮਾਰੀ ਤੋਂ ਬਚ ਸਕੀਏ।

ਉਨ੍ਹਾਂ ਕਿਹਾ ਕਿ ਜੇ ਅਸੀਂ ਕਰੋਨਾ ਵਰਗੀ ਭਿਆਨਕ ਬੀਮਾਰੀ ਨੂੰ ਸੀਰੀਅਸ ਨਹੀਂ ਲੈਂਦੇ ਤਾਂ ਸਾਡੇ ਦੇਸ਼ ਵਿੱਚ ਵੀ ਅਮਰੀਕਾ ਵਰਗਾ ਹਾਲ ਹੋ ਸਕਦਾ ਹੈ ਇਸ ਕਰਕੇ ਸਾਨੂੰ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਲੋਕਾਂ ਨੂੰ ਪਿਆਰ ਨਾਲ ਸਮਝਾਵੇ ਅਤੇ ਉਨ੍ਹਾ ਨੂੰ ਇਸ ਬੀਮਾਰੀ ਤੋਂ ਜਾਣੂ ਕਰਵਾਵੇ ਅਤੇ ਘਰੇ ਰਹਿਣ ਲਈ ਪ੍ਰੇਰਿਤ ਕਰੇ ਤਾਂ ਜੋ ਅਸੀਂ ਕਰੋਨਾ ਵਰਗੀ ਭਿਆਨਕ ਬਿਮਾਰੀ ਤੋਂ ਬਚ ਸਕੀਏ ਅਤੇ ਕੋਈ ਵੀ ਅਜਿਹੀ ਅਣਸੁਖਾਵੀਂ ਘਟਨਾ ਨਾ ਵਾਪਰੇ।

ਮੋਗਾ ਪੁਲਿਸ ਵੱਲੋ ਜੋਗਿੰਦਰ ਸਿੰਘ ਚੌਕ ਵਿਚ ਲਗਾਏ ਗਏ ਸੈਨੀਟਾਈਜਰ ਵਾਲੇ ਪੱਖੇ ਪੁਲਿਸ ਮੁਲਾਜ਼ਮ ਇਨ੍ਹਾਂ ਪੱਖਿਆਂ ਕੋਲੋ ਲੰਘਣ ਤੇ ਹੋਵੇਗਾ ਸੈਨੇਟਾਈਜ -ਸੀਨੀਅਰ ਕਪਤਾਨ

ਮੋਗਾ/ 12 ਅਪ੍ਰੈਲ 2020/ ਭਵਨਦੀਪ ਸਿੰਘ ਪੁਰਬਾ, ਇਕਬਾਲ ਖੋਸਾ

ਸੀਨੀਅਰ ਕਪਤਾਨ ਪੁਲਿਸ ਸ੍ਰੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਜਿਲ੍ਹੇ ਅੰਦਰ ਡਿਊਟੀ ਉਪਰ ਤਾਇਨਾਤ ਮੋਗਾ ਪੁਲਿਸ ਮੁਲਾਜਮਾ ਨੂੰ ਦਿਨ ਵਿਚ 2 ਵਾਰ ਭੋਜਨ, ਫਲ ਪਹੁੰਚਾਏ ਜਾਂਦੇ ਹਨ। ਮੁਲਾਜਮਾ ਤੱਕ ਪਹੁੰਚਣ ਵਾਲਾ ਸਾਰਾ ਭੋਜਣ ਪੁਲਿਸ ਲਾਈਨ ਮੋਗਾ ਵਿਚ ਸਾਫ-ਸੁਥਰੇ ਤਰੀਕੇ ਨਾਲ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਕੇ ਬਣਾਇਆ ਜਾਂਦਾ ਹੈ।

ਸੀਨੀਅਰ ਕਪਤਾਨ ਪੁਲਿਸ ਮੋਗਾ ਨੇ ਦੱਸਿਆ ਕਿ ਸਾਡੀ ਪੁਲਿਸ ਵੱਲੋ ਨਿਵੇਕਲੀ ਪਹਿਲ ਕਦਮੀ ਤਹਿਤ ਮੋਗਾ ਦੇ ਜੋਗਿੰਦਰ ਸਿੰਘ ਚੌਕ ਵਿਚ ਸੈਨੀਟਾਈਜਰ ਵਾਲੇ ਪੱਖੇ ਲਗਾਏ ਗਏ ਹਨ ਜੋ ਉਥੋ ਲੰਘਣ ਵਾਲੇ ਵਿਅਕਤੀਆ ਉਪਰ ਸੈਨੀਟਾਈਜਰ ਦਾ ਛਿੜਕਾਵ ਕਰਦੇ ਹਨ। ਜੋ ਵੀ ਮੁਲਾਜਮ ਜੋ ਕਰੋਨਾ ਦੇ ਕਰਫਿਊ ਵਿਚ ਡਿਊਟੀ ਕਰ ਰਿਹਾ ਹੈ ਉਹ ਇਸ ਪੱਖਿਆ ਤੋ ਸੈਨੀਟਾਇਜ ਹੋ ਕੇ ਗੁਜਰਦੇ ਹਨ।

ਉਨ੍ਹਾਂ ਦੱਸਿਆ ਕਿ ਜਦੋ ਮੋਗਾ ਜਿਲ੍ਹੇ ਵਿਚ ਕਣਕ ਦੀ ਖਰੀਦ ਦਾ ਮੰਡੀਆ ਵਿਚ ਸੀਜਨ ਸ਼ੁਰੂ ਹੋਵੇਗਾ ਤਾ ਇਹ ਪੱਖੇ ਮੰਡੀਆ ਵਿਚ ਵੀ ਲਾਏ ਜਾਣਗੇ।ਉਨ੍ਹਾਂ ਕਿਹਾ ਕਿ ਜਿਲ੍ਹਾ ਮੋਗਾ ਦੇ ਸਬ-ਡਵੀਜਨ ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ, ਧਰਮਕੋਟ ਅਤੇ ਸਿਟੀ ਮੋਗਾ ਵਿਚ ਲੋਕਾ ਤੇ ਨਿਗਰਾਨੀ ਰੱਖਣ ਲਈ ਡਰੋਨ ਕੈਮਰਿਆ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਹਨਾ ਕੈਮਰਿਆ ਨਾਲ ਤੰਗ ਗਲੀਆ ਅਤੇ ਸਾਰੇ ਪਾਸੇ ਨਜਰ ਰਖਣ ਵਿਚ ਮੋਗਾ ਪੁਲਿਸ ਨੂੰ ਬਹੁਤ ਅਸਾਨੀ ਹੋ ਰਹੀ ਹੈ।

ਡੀ.ਐਸ.ਪ